**ਪੰਜਾਬ ਸਕੂਲ ਸਿੱਖਿਆ ਬੋਰਡ**
**ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062**
**(ਕਾਰਜ ਸੰਚਾਲਨ ਸ਼ਾਖਾ)**

ਨੰ:ਪਸਸਬ-ਕਸ-2023/ 1457
ਮਿਤੀ 04-10-2023

ਵੱਲ

ਸਮੂਹ ਸਕੂਲ ਮੁੱਖੀ,
ਪੰਜਾਬ ਰਾਜ।

ਵਿਸ਼ਾ ਅੱਠਵੀਂ, ਦਸਵੀਂ ਅਤੇ ਬਾਰਵੀਂ ਸ਼੍ਰੇਣੀ ਦੇ ਸਾਲ 2024 ਦੀਆਂ ਪਰੀਖਿਆਵਾਂ ਲਈ ਸਮੂਹ ਸਕੂਲਾਂ ਤੋ ਪਰੀਖਿਆ ਕੇਂਦਰਾਂ ਦੀ ਆਪਸ਼ਨ ਭਰਨ ਬਾਰੇ।

ਪੱਤਰ ਨੰ ਪਸਸਬ-ਕਸ-2023/1449 ਮਿਤੀ 27/09/2023 ਦੀ ਲਗਾਤਾਰਤਾ ਵਿੱਚ ਮੁੱਖ ਦਫਤਰ ਵੱਲੋਂ ਪ੍ਰੋਫਾਰਮੇ ਵਿੱਚ ਪਰੀਖਿਆ ਕੇਂਦਰਾਂ ਦੀ ਮੰਗ ਸਬੰਧੀ ਆਪਸ਼ਨ ਦੀ ਮੰਗ ਮਿਤੀ 03-10-2023 ਤੱਕ ਕੀਤੀ ਗਈ ਸੀ। ਇਸ ਪ੍ਰੋਫਾਰਮੇ ਵਿੱਚ ਪਰੀਖਿਆ ਕੇਂਦਰਾਂ ਲਈ ਪੰਜ ਆਪਸ਼ਨਾਂ ਭਰੀਆਂ ਜਾਣ ਦੀ ਮੰਗ ਕੀਤੀ ਗਈ ਸੀ ਜਿਸ ਵਿੱਚ ਤਿੰਨ ਸਕੂਲ ਅਜਿਹੇ ਭਰੇ ਜਾਣ ਜਿਨਾਂ ਵਿੱਚ ਪਹਿਲਾਂ ਹੀ ਪਰੀਖਿਆ ਕੇਂਦਰ ਚੱਲ ਰਹੇ ਹਨ ਅਤੇ ਦੋ ਅਜਿਹੇ ਸਕੂਲ ਭਰੇ ਜਾਣ ਜੋ ਕਿ 10 ਕਿ.ਮੀ. ਦੇ ਘੇਰੇ ਵਿੱਚ ਹੋਣ ਅਤੇ ਇਹਨਾਂ ਸਕੂਲਾਂ ਵਿੱਚ ਪਰੀਖਿਆ ਕੇਂਦਰ ਨਾ ਬਣਦਾ ਹੋਵੇ। ਪ੍ਰੰਤੂ ਕੁੱਝ ਸਕੂਲਾਂ ਵੱਲੋਂ ਨਿਰਧਾਰਿਤ ਮਿਤੀ ਤੱਕ ਪਰੀਖਿਆ ਕੇਂਦਰਾਂ ਦੀ ਆਪਸ਼ਨ ਨਹੀਂ ਭਰੀ ਗਈ।

ਇਸ ਲਈ ਪਰੀਖਿਆ ਕੇਂਦਰਾਂ ਦੀ ਆਪਸ਼ਨ ਭਰਨ ਲਈ ਮਿਤੀ 10/10/2023 ਤੱਕ ਵਾਧਾ ਕਰਦੇ ਹੋਏ ਸਮੂਹ ਸਕੂਲ ਮੁਖੀਆਂ ਨੂੰ ਆਖਰੀ ਮੌਕਾ ਦਿੰਦੇ ਹੋਏ ਲਿਖਿਆ ਜਾਂਦਾ ਹੈ ਕਿ ਪਰੀਖਿਆ ਕੇਂਦਰਾਂ ਦੀ ਆਪਸ਼ਨ ਹਰ ਹਾਲਤ ਵਿੱਚ ਆਨਲਾਈਨ ਭਰਨਾ ਯਕੀਨੀ ਬਣਾਇਆ ਜਾਵੇ। ਇਸ ਮਿਤੀ ਵਿੱਚ ਹੋਰ ਵਾਧਾ ਨਹੀਂ ਕੀਤਾ ਜਾਵੇਗਾ।

**ਜਿੰਨ੍ਹਾਂ ਸਕੂਲਾਂ ਵੱਲੋਂ ਨਿਰਧਾਰਿਤ ਮਿਤੀ ਤੱਕ ਪਰੀਖਿਆ ਕੇਂਦਰ ਦੀ ਆਪਸ਼ਨ ਨਹੀਂ ਭਰੀ ਜਾਂਦੀ ਤਾਂ ਹੇਠ ਲਿਖੇ ਅਨੁਸਾਰ ਕਾਰਵਾਈ ਕੀਤੀ ਜਾਵੇਗੀ :-**

1. ਐਫਲੀਏਸ਼ਨ ਦੇ ਨਿਯਮਾਂ ਅਨੁਸਾਰ ਐਫਈਏਟਿਡ/ ਐਸੋਸੀਏਟਿਡ ਸਕੂਲਾਂ ਦੀ ਐਫਲੀਏਸ਼ਨ ਰੱਦ ਕਰਨ ਦੀ ਕਾਰਵਾਈ ਕੀਤੀ ਜਾਵੇਗੀ।
2. ਸਰਕਾਰੀ ਸਕੂਲ ਦੇ ਸਕੂਲ ਮੁਖੀ ਵਿਰੁੱਧ ਵਿਭਾਗੀ ਕਾਰਵਾਈ ਲਈ ਸਿੱਖਿਆ ਵਿਭਾਗ ਨੂੰ ਲਿਖ ਦਿੱਤਾ ਜਾਵੇਗਾ।
3. ਨਿਯਮਾਂ ਅਨੁਸਾਰ ਦਫਤਰ ਵੱਲੋਂ ਆਪਣੇ ਪੱਧਰ ਤੇ ਪਰੀਖਿਆ ਕੇਂਦਰ ਸਥਾਪਿਤ ਕਰ ਦਿੱਤਾ ਜਾਵੇਗਾ ਜੋ ਨਾ ਬਦਲਣ ਯੋਗ ਹੋਵੇਗਾ।

ਸਹੀ/-
ਸਹਾਇਕ ਸਕੱਤਰ (ਕ.ਸ)

ਪਿੱਠ ਅੰਕਣ ਨੰ: ਪਸਸਬ-ਕਸ-2023/**1458** ਮਿਤੀ:**04-10-2023**

ਉਪਰੋਕਤ ਦਾ ਉਤਾਰਾ ਸਮੂਹ ਜਿਲਾ ਸਿੱਖਿਆ ਅਫਸਰ (ਸੈ.ਸਿੱ) ਅਤੇ ਸਮੂਹ ਜ਼ਿਲ੍ਹਾ ਮੈਨੇਜਰ, ਖੇਤਰੀ ਦਫਤਰ ਨੂੰ ਭੇਜੇ ਹੋਏ ਲਿਖਿਆ ਜਾਂਦਾ ਹੈ ਸਕੂਲਾਂ ਤੋਂ ਸਮੇਂ ਸਿਰ ਕਾਰਜ ਮੁਕੰਮਲ ਕਰਵਾਉਣਾ ਯਕੀਨੀ ਬਣਾਇਆ ਜਾਵੇ।

ਸਹਾਇਕ ਸਕੱਤਰ (ਕ.ਸ)
4/10/23